# ਵਿਆਹ ਦੇ ਲਾਇਸੈਂਸ

ਹੁਣ ਵਿਆਹ ਦੇ ਲਾਇਸੈਂਸ ਲਈ ਵਾਕ-ਇਨ ਸੇਵਾਵਾਂ (ਬਿਨਾਂ ਅਪੋਇੰਟਮੈਂਟ ਬੁੱਕ ਕੀਤੇ) ਉਪਲਬਧ ਹਨ ਜਾਂ ਤੁਸੀਂ ਅਪੋਇੰਟਮੈਂਟ ਬੁੱਕ ਕਰ ਸਕਦੇ ਹੋ। ਕਿਰਪਾ ਕਰਕੇ ਸਿਟੀ ਹਾਲ (City Hall) ਆਉਣ ਜਾਂ ਅਪੋਇੰਟਮੈਂਟ ਬੁੱਕ ਕਰਨ ਤੋਂ ਪਹਿਲਾਂ ਹੇਠਾਂ ਦਿੱਤੀਆਂ ਸਾਰੀਆਂ ਸ਼ਰਤਾਂ ਦੀ ਸਮੀਖਿਆ ਕਰੋ।

ਸਿਵਿਲ ਵਿਆਹ ਸਮਾਰੋਹ, ਸਿਰਫ ਮੰਗਲਵਾਰ ਤੋਂ ਸ਼ੁੱਕਰਵਾਰ ਦੇ ਵਿਚਕਾਰ, ਸਿਰਫ ਕਾਰਜ ਸਮੇਂ ਦੇ ਅੰਦਰ ਕੀਤੇ ਜਾਂਦੇ ਹਨ (ਕਨੂੰਨੀ ਛੁੱਟੀਆਂ ਨੂੰ ਛੱਡ ਕੇ)। ਆਪਣਾ ਵਿਆਹ ਸਮਾਰੋਹ ਇੱਥੇ (here) ਬੁੱਕ ਕਰੋ।

ਓਨਟੈਰੀਓ ਵਿੱਚ ਵਿਆਹ ਕਰਵਾਉਣ ਤੋਂ ਪਹਿਲਾਂ, ਤੁਹਾਡੇ ਲਈ ਵਿਆਹ ਦਾ ਲਾਇਸੈਂਸ ਲੈਣਾ ਲਾਜ਼ਮੀ ਹੈ। ਵਿਆਹ ਦਾ ਲਾਇਸੈਂਸ, ਵਿਆਹ ਸਮਾਰੋਹ ਹੋਣ ਤੋਂ ਬਾਅਦ ਜਾਰੀ ਨਹੀਂ ਕੀਤਾ ਜਾ ਸਕਦਾ। ਵਿਆਹ ਦੇ ਲਾਇਸੈਂਸ, ਓਨਟੈਰੀਓ ਵਿੱਚ ਜ਼ਿਆਦਾਤਰ ਮਿਊਨਿਸਿਪਲਟੀਜ ਤੋਂ ਲਏ ਜਾ ਸਕਦੇ ਹਨ ਅਤੇ ਇਹ ਜਾਰੀ ਕਰਨ ਦੀ ਤਾਰੀਖ ਤੋਂ ਲੈ ਕੇ ਤਿੰਨ ਮਹੀਨਿਆਂ ਤੱਕ, ਓਨਟੈਰੀਓ ਵਿੱਚ ਕਿਤੇ ਵੀ ਹੋਣ ਵਾਲੇ ਵਿਆਹ ਸਮਾਰੋਹਾਂ ਲਈ ਵੈਧ ਹਨ।

## ਵਿਆਹ ਦਾ ਲਾਇਸੈਂਸ ਲੈਣਾ

ਵਿਆਹ ਦੇ ਲਾਇਸੈਂਸ, ਅਪੋਇੰਟਮੈਂਟ (appointment) ਬੁੱਕ ਕਰਕੇ ਜਾਂ ਵਾਕ-ਇਨ ਸਰਵਿਸ (ਪਹਿਲਾਂ ਆਓ/ਪਹਿਲਾਂ ਪਾਓ) ਦੁਆਰਾ ਲਏ ਜਾ ਸਕਦੇ ਹਨ।

1. **ਔਨਲਾਈਨ ਵਿਆਹ ਲਾਇਸੈਂਸ ਅਰਜ਼ੀ (online Marriage Licence Application)** ਪੂਰੀ ਕਰੋ – ਤੁਹਾਨੂੰ ਇੱਕ ਰੈਫਰੈਂਸ ਨੰਬਰ ਦਿੱਤਾ ਜਾਵੇਗਾ, ਕਿਰਪਾ ਕਰਕੇ ਇਸਨੂੰ ਲਿਖ ਕੇ ਰੱਖੋ ਕਿਉਂਕਿ ਤੁਹਾਨੂੰ ਸਿਟੀ ਹਾਲ ਆਉਂਦੇ ਸਮੇਂ ਇਸਦੀ ਲੋੜ ਪਵੇਗੀ।

**ਜਾਂ**

2. **ਵਿਆਹ ਦੇ ਲਾਇਸੈਂਸ ਦੀ ਅਰਜ਼ੀ (Marriage Licence Application)** ਨੂੰ ਪੇਪਰ ਪ੍ਰਿੰਟ ਕਰਕੇ ਪੂਰੀ ਕਰੋ ਅਤੇ ਉਸ ਉੱਤੇ ਦਸਤਖਤ ਕਰੋ ਅਤੇ ਸਿਟੀ ਹਾਲ ਵਿਖੇ ਆਪਣੇ ਨਾਲ ਲੈ ਕੇ ਆਓ। ਆਪਣੇ ਵਿਆਹ ਦੇ ਲਾਇਸੈਂਸ ਲਈ ਅਪੋਇੰਟਮੈਂਟ (appointment) ਬੁੱਕ ਕਰੋ ਜਾਂ ਬਿਨਾਂ ਬੁੱਕ ਕੀਤੇ ਸਿਟੀ ਹਾਲ ਵਿਖੇ ਆਓ – ਉੱਥੇ ਪਹੁੰਚ ਕੇ ਕਿਓਸਕ ਵਿਖੇ ਚੈੱਕ ਇਨ ਕਰੋ:

    - ਇੱਕ ਜਾਂ ਦੋਵੇਂ ਬਿਨੈਕਾਰ ਆ ਸਕਦੇ ਹਨ ਅਤੇ ਹੇਠਾਂ ਦਿੱਤੀਆਂ ਚੀਜ਼ਾਂ ਲਿਆਉਣਾ ਲਾਜ਼ਮੀ ਹੈ -

- ਦਸਤਖਤ ਕੀਤੀ ਪੇਪਰ ਵਾਲੀ ਵਿਆਹ ਦੀ ਅਰਜ਼ੀ ਜਾਂ ਜੇਕਰ ਅਰਜ਼ੀ ਔਨਲਾਈਨ ਜਮ੍ਹਾਂ ਕੀਤੀ ਹੋਵੇ ਤਾਂ ਰੈਫਰੈਂਸ ਨੰਬਰ
- ਦੋਵਾਂ ਧਿਰਾਂ ਲਈ ਪਛਾਣ ਦੇ ਦੋ ਦਸਤਾਵੇਜ਼ – ਹੇਠਾਂ ਸਵੀਕਾਰਯੋਗ ਪਛਾਣ ਦਸਤਾਵੇਜ਼ਾਂ ਦੀ ਸੂਚੀ ਵੇਖੋ
- ਕੈਨੇਡਿਅਨ ਤਲਾਕ ਦਾ ਅਸਲੀ ਸਬੂਤ, ਜੇਕਰ ਲਾਗੂ ਹੋਵੇ
- ਓਨਟੈਰੀਓ ਸੂਬੇ ਤੋਂ ਫੌਰਨ ਡਿਵੋਰਸ ਅਥਾੱਰਾਈਜ਼ੇਸ਼ਨ (Foreign Divorce Authorization), ਜੇਕਰ ਲਾਗੂ ਹੋਵੇ – ਹੇਠਾਂ ਵਧੇਰੇ ਜਾਣਕਾਰੀ ਵੇਖੋ

ਧਿਆਨ ਦਿਓ: ਜੇਕਰ ਪਛਾਣ ਦਸਤਾਵੇਜ਼ ਅੰਗਰੇਜ਼ੀ ਵਿੱਚ ਨਹੀਂ ਹੈ, ਤਾਂ ਔਰਿਜਿਨਲ ਦਸਤਾਵੇਜ਼ਾਂ ਦੇ ਨਾਲ ਸਰਟੀਫਾਈਡ ਅਨੁਵਾਦ ਪ੍ਰਦਾਨ ਕਰਨਾ ਲਾਜ਼ਮੀ ਹੈ। ਸਰਟੀਫਾਈਡ ਅਨੁਵਾਦ, ਕੈਨੇਡਿਅਨ ਸਰਟੀਫਾਈਡ ਅਨੁਵਾਦਕ ਵੱਲੋਂ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ, ਜੋ ਕੈਨੇਡਾ ਦੇ ਅੰਦਰ ਕਿਸੇ ਰਜਿਸਟਰਡ ਅਨੁਵਾਦ ਐਸੋਸੀਏਸ਼ਨ ਨਾਲ ਸਬੰਧਿਤ ਹੋਵੇ। ਓਨਟੈਰੀਓ ਵਿੱਚ, ਐਸੋਸੀਏਸ਼ਨ ਆਫ ਟ੍ਰਾਂਸਲੇਟਰਸ ਐਂਡ ਇੰਟਰਪ੍ਰੀਟਰਸ ਆਫ ਓਨਟੈਰੀਓ (ਏ.ਟੀ.ਆਈ.ਓ.) (Association of Translators and Interpreters of Ontario) (ATIO), ਰਜਿਸਟਰਡ ਅਨੁਵਾਦ ਐਸੋਸੀਏਸ਼ਨ ਹੈ।

## ਫੀਸ

165.00 ਡਾਲਰ (ਐਚ.ਐਸ.ਟੀ. (HST) ਲਾਗੂ ਨਹੀਂ ਹੁੰਦਾ) – ਡੈਬਿਟ, ਕ੍ਰੈਡਿਟ ਕਾਰਡ (Visa, MasterCard ਅਤੇ American Express) ਅਤੇ ਨਕਦੀ ਸਵੀਕਾਰ ਕੀਤੀ ਜਾਂਦੀ ਹੈ। ਵਿਆਹ ਦੇ ਲਾਇਸੈਂਸ ਦੀ ਫੀਸ ਰਿਫੰਡ ਨਹੀਂ ਕੀਤੀ ਜਾਂਦੀ।

## ਪਛਾਣ ਸਬੰਧੀ ਸ਼ਰਤਾਂ

- ਪ੍ਰਤੀ ਬਿਨੈਕਾਰ, ਦੋ (2) ਕਾਪੀਆਂ ਜ਼ਰੂਰੀ ਹਨ
- ਆਈ.ਡੀ. (ID) ਦੇ ਦੋਵੇਂ ਦਸਤਾਵੇਜ਼ ਔਰਿਜਿਨਲ ਹੋਣੇ ਲਾਜ਼ਮੀ ਹਨ **(ਫੋਟੋਕਾਪੀਆਂ ਅਤੇ/ਜਾਂ ਸਰਟੀਫਾਈਡ ਕਾਪੀਆਂ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ)**
- ਆਈ.ਡੀ. ਦੇ ਦੋਵੇਂ ਦਸਤਾਵੇਜ਼ਾਂ ਦੀ ਮਿਆਦ ਨਹੀਂ ਪੁੱਗੀ ਹੋਣੀ ਚਾਹੀਦੀ
- ਆਈ.ਡੀ. ਦੇ ਇੱਕ ਦਸਤਾਵੇਜ਼ ਤੇ ਫੋਟੋ ਹੋਣੀ ਲਾਜ਼ਮੀ ਹੈ
- ਆਈ.ਡੀ. ਦੇ ਇੱਕ ਦਸਤਾਵੇਜ਼ ਤੇ ਦਸਤਖ਼ਤ ਹੋਣੇ ਲਾਜ਼ਮੀ ਹਨ
- ਆਈ.ਡੀ. ਦੇ ਦੋਵੇਂ ਦਸਤਾਵੇਜ਼ਾਂ ਤੇ ਵੈਧ ਨਾਮ ਅਤੇ ਜਨਮ ਮਿਤੀ ਹੋਣੀ ਲਾਜ਼ਮੀ ਹੈ

- ਆਈ.ਡੀ. ਦੇ ਦੋਵੇਂ ਦਸਤਾਵੇਜ਼ਾਂ ਤੇ ਪਹਿਲਾ ਅਤੇ ਆਖਰੀ ਨਾਮ ਮੇਲ ਖਾਣਾ ਲਾਜ਼ਮੀ ਹੈ (ਅਤੇ ਵਿਚਲਾ ਨਾਮ/ਇਨਸ਼ੀਅਲਸ, ਜੇਕਰ ਇਹ ਵਿਆਹ ਦੇ ਲਾਇਸੈਂਸ ਤੇ ਦਿੱਤੇ ਜਾਣੇ ਹਨ)
- ਨਾਮ ਬਦਲਣ ਦਾ ਸਰਟੀਫਿਕੇਟ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ, ਜੇਕਰ ਲਾਗੂ ਹੋਵੇ
- ਸਾਰੇ ਆਈ.ਡੀ. ਦਸਤਾਵੇਜ਼, ਅੰਗਰੇਜ਼ੀ ਜਾਂ ਫ੍ਰੈਂਚ ਵਿੱਚ ਹੋਣੇ ਲਾਜ਼ਮੀ ਹਨ ਜਾਂ ਉਹਨਾਂ ਵਿੱਚ ਐਸੋਸੀਏਸ਼ਨ ਆਫ ਟ੍ਰਾਂਸਲੇਟਰਸ ਐਂਡ ਇੰਟਰਪ੍ਰੀਟਰਸ ਆਫ ਓਨਟੈਰੀਓ (ਏ.ਟੀ.ਆਈ.ਓ.) (Association of Translators & Interpreters of Ontario) (ATIO) ਵੱਲੋਂ ਸਰਟੀਫਾਈਡ ਅਨੁਵਾਦ ਨਾਲ ਦਿੱਤਾ ਹੋਵੇ

## ਪਛਾਣ ਦੇ ਸਵੀਕ੍ਰਿਤ ਰੂਪ

- ਕੈਨੇਡਿਅਨ ਪਾਸਪੋਰਟ ਜਾਂ ਕੈਨੇਡਿਅਨ ਟ੍ਰੈਵਲ ਦਸਤਾਵੇਜ਼ (Canadian Travel Document)
- ਦੂਜੇ ਦੇਸ਼ ਦਾ ਪਾਸਪੋਰਟ
- ਬਰਥ ਸਰਟੀਫਿਕੇਟ
- ਕੈਨੇਡਿਅਨ ਸਿਟੀਜ਼ਨਸ਼ਿਪ ਕਾਰਡ (Canadian Citizenship Card) ਜਾਂ ਸਰਟੀਫਿਕੇਟ
- ਡ੍ਰਾਈਵਿੰਗ ਲਾਇਸੈਂਸ
- ਸਰਕਾਰ ਵੱਲੋਂ ਜਾਰੀ ਕੀਤਾ ਫੋਟੋ ਆਈ.ਡੀ. ਕਾਰਡ
- ਪਰਮਾਨੈਂਟ ਰੈਜੀਡੈਂਸ ਕਾਰਡ (Permanent Residence Card)
- ਸਰਟੀਫਿਕੇਟ ਆਫ ਇੰਡੀਅਨ ਸਟੇਟਸ ਕਾਰਡ (Certificate of Indian Status Card)
- ਨੈਕਸਸ ਕਾਰਡ (Nexus Card)
- ਮਿਲਟਰੀ ਆਈ.ਡੀ. (Military ID)
- ਰਿਕਾਰਡ ਆਫ ਇਮੀਗ੍ਰੈਂਟ ਲੈਂਡਿੰਗ (Record of Immigrant Landing)
- ਵੈਧ ਕੈਨੇਡਿਅਨ ਰਿਫਿਊਜੀ ਪ੍ਰੋਟੈਕਸ਼ਨ ਕਲੇਮੈਂਟ ਦਸਤਾਵੇਜ਼ (Canadian Refugee Protection Claimant Document)

## ਪਛਾਣ ਦੇ ਅਸਵੀਕ੍ਰਿਤ ਰੂਪ

- ਸੋਸ਼ਲ ਇੰਸ਼ੋਰੈਂਸ ਕਾਰਡ (ਐਸ.ਆਈ.ਐਨ.) (Social Insurance Card) (SIN)
- ਹੈਲਥ ਕਾਰਡ (Health Card)
- ਸਟਡੀ ਪਰਮਿਟ, ਵਰਕ ਪਰਮਿਟ ਜਾਂ ਵੀਜਾ
- ਫੇਥ-ਬੇਸਡ ਰਿਕਾਰਡ ਆਫ ਬਰਥ
- ਇਲੈਕਟੋਰਲ ਆਈ.ਡੀ. (Electoral ID) ਜਾਂ ਦਸਤਾਵੇਜ਼

- ਫਿਸ਼ਿੰਗ ਜਾਂ ਹੋਰ ਖੇਡ-ਅਧਾਰਤ ਲਾਇਸੈਂਸ
- ਵਰਕਪਲੇਸ ਆਈ.ਡੀ. (Workplace ID) ਬੈਜ

# ਨਾਬਾਲਗ

16 ਸਾਲ ਤੋਂ ਘੱਟ ਉਮਰ ਵਾਲੇ ਵਿਅਕਤੀਆਂ ਦਾ ਵਿਆਹ ਸੰਭਵ **ਨਹੀਂ** ਹੈ। ਜਿਹਨਾਂ ਬਿਨੈਕਾਰਾਂ ਦੀ ਉਮਰ 16 ਅਤੇ 17 ਸਾਲ ਹੈ, ਉਹਨਾਂ ਵਾਸਤੇ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਸਹਿਮਤੀ ਜ਼ਰੂਰੀ ਹੈ। ਮਾਤਾ-ਪਿਤਾ/ਸਰਪ੍ਰਸਤਾਂ, ਦੋਵਾਂ ਵੱਲੋਂ ਇੱਕ ਕੋਨਸੈਂਟ ਫਾਰਮ ਨੂੰ ਪੂਰਾ ਕਰਕੇ, ਉਸ ਉੱਤੇ ਦਸਤਖਤ ਕਰਨੇ ਲਾਜ਼ਮੀ ਹਨ, ਜੋ ਕਮਿਸ਼ਨਰ ਆਫ ਔਥ (Commissioner of Oaths) ਦੀ ਮੌਜੂਦਗੀ ਵਿੱਚ ਹੋਣ। ਵਿਆਹ ਲਈ ਮਾਪੇ ਜਾਂ ਸਰਪ੍ਰਸਤ ਦੀ ਕੋਨਸੈਂਟ (Consent of Parent or Guardian to Marriage) ਦੇ ਫਾਰਮ, ਸਾਡੇ ਦਫ਼ਤਰ ਵਿਖੇ ਉਪਲਬਧ ਹਨ। ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ, ਆਪਣੀ ਅਪੋਇੰਟਮੈਂਟ ਤੋਂ ਪਹਿਲਾਂ ਸਿਟੀ ਕਲਰਕ ਦੇ ਆਫਿਸ ਨਾਲ ਸੰਪਰਕ ਕਰੋ।

# ਇੰਟਰਪ੍ਰੀਟਰ

ਜਿਸ ਵਿਅਕਤੀ(ਆਂ) ਨੂੰ ਲਾਇਸੈਂਸ ਜਾਰੀ ਕੀਤਾ ਜਾ ਰਿਹਾ ਹੈ, ਉਸ ਵਾਸਤੇ ਪੂਰੀ ਤਰ੍ਹਾਂ ਅੰਗਰੇਜ਼ੀ ਬੋਲਣਾ ਅਤੇ ਪੜ੍ਹਨਾ ਲਾਜ਼ਮੀ ਹੈ, ਨਹੀਂ ਤਾਂ ਉਹਨਾਂ ਦੇ ਨਾਲ ਇੰਟਰਪ੍ਰੀਟਰ ਹੋਣਾ ਲਾਜ਼ਮੀ ਹੈ। ਇੰਟਰਪ੍ਰੀਟਰ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਬਿਨੈਕਾਰ ਦੀ ਹੈ। ਇੰਟਰਪ੍ਰੀਟਰ ਨੂੰ ਪਛਾਣ-ਪੱਤਰ ਦਿਖਾਉਣ ਅਤੇ ਡੇਕਲਰੇਸ਼ਨ ਫਾਰਮ ਪੂਰਾ ਕਰਨ ਦੀ ਲੋੜ ਹੋਵੇਗੀ। ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ ਆਪਣੀ ਅਪੋਇੰਟਮੈਂਟ ਤੋਂ ਪਹਿਲਾਂ ਸਿਟੀ ਕਲਰਕ ਦੇ ਆਫਿਸ ਨਾਲ ਸੰਪਰਕ ਕਰੋ।

# ਤਲਾਕ

## ਕੈਨੇਡਿਅਨ ਤਲਾਕ

**ਤਲਾਕ ਦੇ ਸਰਟੀਫਿਕੇਟ (Certificate of Divorce)** ਦੀ **ਔਰਿਜਿਨਲ** ਜਾਂ **ਕੋਰਟ ਸਰਟੀਫਾਈਡ ਕਾਪੀ** ਜ਼ਰੂਰੀ ਹੈ। ਫੋਟੋਕਾਪੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਔਰਿਜਿਨਲ ਜਾਂ ਕੋਰਟ ਸਰਟੀਫਾਈਡ ਕਾਪੀਆਂ, ਉਸ ਅਦਾਲਤ ਤੋਂ ਲਈਆਂ ਜਾ ਸਕਦੀਆਂ ਹਨ, ਜਿੱਥੇ ਤਲਾਕ ਗ੍ਰਾਂਟ ਕੀਤਾ ਗਿਆ ਸੀ ਅਤੇ ਇਹ ਤੁਹਾਨੂੰ ਵਾਪਸ ਦੇ ਦਿੱਤੀਆਂ ਜਾਣਗੀਆਂ। ਅਦਾਲਤ ਵੱਲੋਂ ਜਾਰੀ ਕੀਤਾ ਜਜਮੈਂਟ ਜਾਂ ਕੋਰਟ ਆਰਡਰ (ਡਿਵੋਰਸ ਆਰਡਰ) ਸਵੀਕਾਰ ਨਹੀਂ ਕੀਤਾ ਜਾਵੇਗਾ – ਤਲਾਕ ਦਾ ਸਰਟੀਫਿਕੇਟ ਜ਼ਰੂਰੀ ਹੈ।

## ਵਿਦੇਸ਼ੀ ਤਲਾਕ

ਉਸ ਤਲਾਕ ਲਈ, ਜੋ ਕੈਨੇਡਾ ਦੇ ਬਾਹਰੋਂ ਜਾਰੀ ਕੀਤਾ ਗਿਆ ਸੀ, ਓਨਟੈਰੀਓ ਸੂਬੇ ਤੋਂ ਫੌਰਨ ਡਿਵੋਰਸ ਅਥਾੱਰਾਈਜ਼ੇਸ਼ਨ ਜ਼ਰੂਰੀ ਹੈ। ਇਸ ਪ੍ਰਕਿਰਿਆ ਵਿੱਚ ਚਾਰ (4) ਹਫਤੇ ਲੱਗ ਸਕਦੇ ਹਨ।

ਫੌਰਨ ਡਿਵੋਰਸ ਅਥਾੱਰਾਈਜ਼ੇਸ਼ਨ ਪ੍ਰਾਪਤ ਕਰਨ ਲਈ, ਬਿਨੈਕਾਰਾਂ ਲਈ, ServiceOntario ਕੋਲ ਹੇਠਾਂ ਦਿੱਤੇ ਦਸਤਾਵੇਜ਼ ਜਮ੍ਹਾਂ ਕਰਨਾ ਜ਼ਰੂਰੀ ਹੈ:

- **ਵਿਆਹ ਦੇ ਲਾਇਸੈਂਸ ਦਾ ਅਰਜ਼ੀ ਫਾਰਮ (Marriage licence application form):** ਪੂਰਾ ਕਰਕੇ ਦਸਤਖਤ ਕੀਤਾ ਹੋਇਆ
- **ਇੱਕਮਾਤਰ ਜ਼ਿੰਮੇਵਾਰੀ ਦੀ ਸਟੇਟਮੈਂਟ (Statement of sole responsibility):** ਹਰੇਕ ਤਲਾਕ ਲਈ (ਵਿਆਹ ਕਰਵਾਉਣ ਵਾਲੇ ਦੋਵਾਂ ਵਿਅਕਤੀਆਂ ਅਤੇ ਇੱਕ ਗਵਾਹ ਵੱਲੋਂ ਦਸਤਖਤ ਕੀਤੀ ਹੋਈ)
- **ਕਨੂੰਨੀ ਰਾਏ ਸਬੰਧੀ ਪੱਤਰ (Legal Opinion Letter):** ਓਨਟੈਰੀਓ ਦੇ ਵਕੀਲ ਵੱਲੋਂ, ਵਿਆਹ ਕਰਵਾਉਣ ਵਾਲੇ ਦੋਵੇਂ ਵਿਅਕਤੀਆਂ ਨੂੰ ਸੰਬੋਧਿਤ, ਇਹ ਕਾਰਨ ਦਿੰਦੇ ਹੋਏ ਕਿ ਓਨਟੈਰੀਓ ਵਿੱਚ ਤਲਾਕ ਜਾਂ ਐਨੁਲਮੈਂਟ ਨੂੰ ਮਾਨਤਾ ਕਿਉਂ ਦਿੱਤੀ ਜਾਣੀ ਚਾਹੀਦੀ ਹੈ
- **ਤਲਾਕ ਡਿਕ੍ਰੀ ਜਾਂ ਐਨੁਲਮੈਂਟ:** ਅੰਗਰੇਜ਼ੀ ਜਾਂ ਫ੍ਰੈਂਚ ਵਿੱਚ ਔਰਿਜਿਨਲ ਜਾਂ ਅਦਾਲਤ ਵੱਲੋਂ ਸਰਟੀਫਾਈਡ ਕਾਪੀ। ਜੇਕਰ ਡਿਕ੍ਰੀ ਦੂਜੀ ਭਾਸ਼ਾ ਵਿੱਚ ਹੈ, ਤਾਂ ਅਨੁਵਾਦ ਕੀਤੀ ਕਾਪੀ ਅਤੇ ਸਰਟੀਫਾਈਡ ਅਨੁਵਾਦਕ ਵੱਲੋਂ ਸਹੁੰ ਵਾਲਾ ਐਫਿਡੈਵਿਟ ਸ਼ਾਮਲ ਹੋਣਾ ਲਾਜ਼ਮੀ ਹੈ

ਇਹ ਦਸਤਾਵੇਜ਼ ਸਿੱਧੇ ਹੇਠਾਂ ਦਿੱਤੇ ਪਤੇ ਤੇ ਡਾਕ ਰਾਹੀਂ ਭੇਜੇ ਜਾਣੇ ਲਾਜ਼ਮੀ ਹਨ:

ServiceOntario
Marriage Office
PO Box 4600
189 Red River Road
Thunder Bay ON  P7B 6L8

ਜਦੋਂ ਬਿਨੈਕਾਰਾਂ ਨੂੰ ServiceOntario ਤੋਂ ਇਹ *ਵਿਆਹ ਦੀ ਇਜਾਜ਼ਤ (Authorization to Marry)* ਮਿਲ ਜਾਵੇ, ਤਾਂ ਫੇਰ ਉਹ ਵਿਆਹ ਦੇ ਲਾਇਸੈਂਸ ਲਈ ਅਪਲਾਈ ਕਰ ਸਕਦੇ ਹਨ।

ਵਧੇਰੇ ਜਾਣਕਾਰੀ, ਸਾਡੇ ਦਫਤਰ ਵਿਖੇ ਅਤੇ ServiceOntario ਤੇ ਉਪਲਬਧ ਹੈ।

# ਵਧੇਰੇ ਜਾਣਕਾਰੀ

ਓਨਟੈਰੀਓ ਵਿੱਚ ਵਿਆਹ ਕਰਵਾਉਣ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ServiceOntario ਤੇ ਜਾਓ।

ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ ਸਿਟੀ ਕਲਰਕ ਦੇ ਆਫਿਸ ਨੂੰ 905.874.2100 ਤੇ ਸੰਪਰਕ ਕਰੋ ਜਾਂ marriage.licence@brampton.ca ਤੇ ਈਮੇਲ ਕਰੋ।